Punjabi

# ਅਪ੍ਰੈਲ 2012 ਵਿਚ ਲੰਡਨ ਵਿਚ ਟੀਵੀ ਬਦਲ ਰਿਹਾ ਹੈ



digitaluk

## ਕੀ ਹੋ ਰਿਹਾ ਹੈ?

ਪੁਰਾਣਾ ਟੀਵੀ ਸਿਗਨਲ ਬੰਦ ਕਰਕੇ ਇਹਦੀ ਥਾਂ ਇਕ ਨਵਾਂ ਅਤੇ ਵੱਧ ਤਕੜਾ ਡਿਜੀਟਲ ਟੀਵੀ ਸਿਗਨਲ **ਅਪ੍ਰੈਲ 2012** ਵਿਚ ਆਉਣਾ ਸ਼ੁਰੂ ਹੋ ਜਾਏਗਾ।

1

## ਮੈਨੂੰ ਕੀ ਕਰਨਾ ਪਏਗਾ?

**ਜੇ ਤੁਹਾਡੇ ਕੋਲ:**

- **ਫ੍ਰੀਵਿਊ, ਬੀਟੀ ਵਿਜ਼ਨ ਜਾਂ ਟੌਪ ਅਪ ਟੀਵੀ ਹੈ,**
  ਤਾਂ ਤੁਹਾਨੂੰ ਆਪਣੇ ਟੀਵੀ ਜਾਂ ਬੌਕਸ ਦੀ ਅਪ੍ਰੈਲ ਵਿਚ ਨਵੇਂ ਸਿਰਿਓਂ ਟਿਊਨਿੰਗ ਕਰਨੀ ਪਏਗੀ।
  ਇਹ ਕੰਮ ਕਰਨ ਬਾਰੇ ਜਾਣਕਾਰੀ **ਸਫ਼ਾ 4** ’ਤੇ ਪੜ੍ਹੋ।
- **ਸਕਾਈ ਟੀਵੀ, ਵਰਜਿਨ ਜਾਂ ਫ੍ਰੀਸੈਟ ਟੀਵੀ ਹੈ,**
  ਤਾਂ ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ।
- **ਜਿਹੜਾ ਟੀਵੀ ਡਿਜੀਟਲ ਨਹੀਂ ਹੈ** (ਜਿਹਦੇ ’ਤੇ ਸਿਰਫ਼ ਪੰਜ ਚੈਨਲਾਂ ਆਉਂਦੀਆਂ ਹਨ)
  ਤਾਂ ਤੁਹਾਨੂੰ ਇਹਦੇ ਵਿਚ ਤਬਦੀਲੀ ਕਰਵਾ ਕੇ ਇਹਨੂੰ ਡਿਜੀਟਲ ਬਣਵਾਉਣਾ ਚਾਹੀਦਾ ਹੈ,
  ਨਹੀਂ ਤਾਂ ਇਹ ਅਪ੍ਰੈਲ 2012 ਤੋਂ ਬਾਅਦ ਕੰਮ ਨਹੀਂ ਕਰੇਗਾ।

2

## ਇਹ ਤਬਦੀਲੀ ਕਦ ਹੋਏਗੀ?

**ਅਪ੍ਰੈਲ 2012** ਵਿਚ, ਪੁਰਾਣਾ ਟੀਵੀ ਸਿਗਨਲ ਬੰਦ ਹੋ ਰਿਹਾ ਹੈ, ਅਤੇ ਇਹਦੀ ਥਾਂ ਡਿਜੀਟਲ ਸਿਗਨਲ ਸ਼ੁਰੂ ਕੀਤਾ ਜਾਏਗਾ। ਇਹ ਕੰਮ ਦੋ ਪੜਾਵਾਂ ਵਿਚ ਹੋਏਗਾ:

| | |
|---|---|
| **4 ਅਪ੍ਰੈਲ** | **BBC Two ਸਿਗਨਲ ਬੰਦ ਹੋ ਜਾਏਗਾ** |
| **18 ਅਪ੍ਰੈਲ** | **BBC One, ITV,<br>Channel 4 ਅਤੇ Channel 5 ਬੰਦ ਹੋ ਜਾਣਗੇ** |

ਇਹਨਾਂ ਚੈਨਲਾਂ ਦੀ ਥਾਂ ’ਤੇ ਡਿਜੀਟਲ ਚੈਨਲ ਚੱਲਣਗੇ।

## 3 ਕੀ ਮੇਰਾ ਰਿਕਾਰਡਰ ਹਾਲੇ ਵੀ ਕੰਮ ਕਰੇਗਾ?

ਅਪ੍ਰੈਲ 2012 ਤੋਂ ਬਾਅਦ, ਜੇ ਤੁਹਾਡਾ ਵੀ ਸੀ ਆਰ ਜਾਂ ਡੀ ਵੀ ਡੀ ਰਿਕਾਰਡਰ ਡਿਜੀਟਲ ਨਹੀਂ, ਤਾਂ ਇਹ ਉਸ ਵੇਲੇ ਕਿਸੇ ਚੈਨਲ ਨੂੰ ਰਿਕਾਰਡ ਨਹੀਂ ਕਰ ਸਕੇਗਾ ਜਿਸ ਵੇਲੇ ਤੁਸੀਂ ਕੋਈ ਹੋਰ ਚੈਨਲ ਦੇਖ ਰਹੇ ਹੋਵੋਗੇ। ਇਹ ਕੰਮ ਸਿਰਫ਼ *ਡਿਜੀਟਲ* ਟੀਵੀ ਰਿਕਾਰਡਰ ਹੀ ਕਰ ਸਕੇਗਾ। ਡਿਜੀਟਲ ਟੀਵੀ ਰਿਕਾਰਡਰ ਤੁਹਾਡੇ ਟੀਵੀ ਨੂੰ ਵੀ ਬਦਲ ਕੇ ਡਿਜੀਟਲ ਬਣਾ ਦੇਵੇਗਾ।

## 4 ਮੈਂ ਡਿਜੀਟਲ ਟੀਵੀ ਕਿਵੇਂ ਲਵਾਂ?

ਤੁਸੀਂ ਫ਼੍ਰੀਵਿਊ ਵਰਗੀ ਕੋਈ ਸਰਵਿਸ ਚੁਣ ਸਕਦੇ ਹੋ, ਜਾਂ ਸਕਾਈ ਟੀਵੀ ਜਾਂ ਵਰਜਿਨ ਵਰਗੀ ਕੋਈ ਸੈਟੇਲਾਈਟ ਜਾਂ ਕੇਬਲ ਸਰਵਿਸ ਚੁਣ ਸਕਦੇ ਹੋ, ਜਾਂ ਡਿਜੀਟਲ ਟੀਵੀ ਖ਼ਰੀਦ ਸਕਦੇ ਹੋ। ਫ਼੍ਰੀਵਿਊ ਜਾਂ ਫ਼੍ਰੀਸੈਟ ਵਰਗੀਆਂ ਕੁਝ ਸੇਵਾਵਾਂ ਦੇ ਪੈਸੇ ਇਕੋ ਵਾਰ ਦੇਣੇ ਪੈਂਦੇ ਹਨ। ਪਰ ਸਕਾਈ ਟੀਵੀ ਵਰਗੀਆਂ ਕੁਝ ਹੋਰ ਸੇਵਾਵਾਂ ਦੇ ਪੈਸੇ ਹਰ ਮਹੀਨੇ ਦੇਣੇ ਪੈਂਦੇ ਹਨ।

## 5 ਮੈਂ ਆਪਣੇ ਟੀਵੀ ਨੂੰ ਨਵੇਂ ਸਿਰਿਓਂ ਟਿਊਨ ਕਦ ਕਰਾਂ?

ਜੇ ਤੁਹਾਡੇ ਕੋਲ ਫ਼੍ਰੀਵਿਊ ਹੈ, ਤਾਂ ਤੁਹਾਨੂੰ ਆਪਣਾ ਟੀਵੀ **4 ਅਪ੍ਰੈਲ** ਨੂੰ ਅਤੇ ਫਿਰ **18 ਅਪ੍ਰੈਲ** ਨੂੰ ਦੁਬਾਰਾ ਟਿਊਨ ਕਰਨਾ ਪਏਗਾ। ਜਦ ਵੀ ਕੋਈ ਚੈਨਲਾਂ ਤੁਹਾਡੇ ਟੀਵੀ ’ਤੇ ਨਾ ਆਉਣ ਤਾਂ ਤੁਹਾਨੂੰ ਫਿਰ ਤੋਂ ਇਹਦੀ ਟਿਊਨਿੰਗ ਕਰਨੀ ਚਾਹੀਦੀ ਹੈ।

# 6 ਮੈਂ ਆਪਣੇ ਟੀਵੀ ਨੂੰ ਨਵੇਂ ਸਿਰਿਓਂ ਟਿਊਨ ਕਿਵੇਂ ਕਰਾਂ?

ਤੁਸੀਂ ਰਿਮੋਟ ਕੰਟ੍ਰੋਲ ਨਾਲ ਆਪਣੇ ਫ਼੍ਰੀਵਿਊ ਟੀਵੀ ਨੂੰ ਫਿਰ ਤੋਂ ਟਿਊਨ ਕਰ ਸਕਦੇ ਹੋ। ਢੰਗ ਇਹ ਹੈ:

1. ਆਪਣੇ ਟੀਵੀ ਜਾਂ ਬੌਕਸ ਨੂੰ ਚਲਾਓ। ਫਿਰ ਰਿਮੋਟ ਕੰਟ੍ਰੋਲ 'ਤੇ **'menu'** ਵਾਲਾ ਬਟਨ ਦਬਾਓ।
2. ਫਿਰ **'set up'** ਜਾਂ **'installation'** ਚੁਣੋ। ਜੇ ਤੁਹਾਡੇ ਰਿਮੋਟ ਕੰਟ੍ਰੋਲ 'ਤੇ ਤਸਵੀਰਾਂ ਹਨ, ਤਾਂ ਟੂਲਬੌਕਸ, ਸੈਟੇਲਾਈਟ ਡਿਸ਼ ਜਾਂ ਸਪੈਨਰ ਦੀ ਤਸਵੀਰ ਚੁਣੋ।
3. ਜੇ ਕੋਡ ਮੰਗਿਆ ਜਾਏ, ਤਾਂ **0000** ਜਾਂ **1234** ਕੋਡ ਲਾ ਕੇ ਦੇਖੋ।
4. ਤੁਸੀਂ **'full re-tune'** ਚੁਣੋ। ਕਈ ਵਾਰ ਇਹਨੂੰ **'first time installation'** ਜਾਂ **'factory reset'** ਜਾਂ **'default settings'** ਜਾਂ **'shipping conditions'** ਵੀ ਆਖਿਆ ਜਾਂਦਾ ਹੈ।

   ਪਰ ਤੁਸੀਂ **'channel update'** ਜਾਂ **'add channels'** ਦੀ ਚੋਣ ਨਾ ਕਰੋ।
5. ਜੇ ਤੁਹਾਨੂੰ ਸਭ ਚੈਨਲਾਂ ਮਿਟਾਉਣ ਲਈ ਆਖਿਆ ਜਾਏ ਤਾਂ **'OK'** ਦਬਾਓ।
6. ਚੈਨਲਾਂ ਆਪਣੇ ਆਪ ਦੁਬਾਰਾ ਆ ਜਾਣਗੀਆਂ। ਤੁਹਾਡਾ ਟੀ ਵੀ ਬੰਦ ਹੋ ਕੇ ਫਿਰ ਚਾਲੂ ਹੋ ਜਾਏਗਾ।



## 7 ਮੇਰੇ ਟੀ ਵੀ ਏਰੀਅਲ ਦਾ ਕੀ ਬਣੇਗਾ?

ਜੇ ਤੁਸੀਂ ਫ਼੍ਰੀਵਿਊ, ਬੀ ਟੀ ਵਿਯਨ ਜਾਂ ਟੌਪ ਅਪ ਟੀਵੀ ਵਰਤਦੇ ਹੋ ਤਦ ਹੀ ਤੁਹਾਨੂੰ ਏਰੀਅਲ ਦੀ ਲੋੜ ਪਏਗੀ। ਜੇ ਇਸ ਵੇਲੇ ਤੁਹਾਡੇ ਟੀਵੀ 'ਤੇ ਵਧੀਆ ਤਸਵੀਰ ਆਉਂਦੀ ਹੈ,ਤਾਂ ਸ਼ਾਇਦ ਤੁਹਾਨੂੰ ਨਵੇਂ ਏਰੀਅਲ ਦੀ ਲੋੜ ਨਹੀਂ।

## 8 ਜੇ ਮੈਂ ਫ਼ਲੈਟ ਵਿਚ ਰਹਿੰਦਾ/ਰਹਿੰਦੀ ਹੋਵਾਂ ਤਾਂ?

ਜੇ ਤੁਸੀਂ ਫ਼ਲੈਟ ਵਿਚ ਰਹਿੰਦੇ ਹੋ, ਤਾਂ ਹੋ ਸਕਦਾ ਹੈ ਕਿ ਸਿਗਨਲ ਸਾਂਝੇ ਏਰੀਅਲ ਰਾਹੀਂ ਆਉਂਦਾ ਹੋਵੇ। ਤੁਹਾਨੂੰ ਚਾਹੀਦਾ ਹੈ ਕਿ ਇਸ ਥਾਂ ਦੇ ਪ੍ਰਬੰਧਕ ਨਾਲ ਗੱਲ ਕਰਕੇ ਯਕੀਨੀ ਬਣਾਓ ਕਿ ਏਰੀਅਲ ਤਿਆਰ ਹੋਵੇ।



## 9 ਕੀ ਕੋਈ ਹੋਰ ਮਦਦ ਵੀ ਮਿਲ ਸਕਦੀ ਹੈ?

ਜੇ ਤੁਹਾਡੀ ਉਮਰ 75 ਸਾਲ ਜਾਂ ਵੱਧ ਹੈ ਜਾਂ ਤੁਹਾਡੇ ਵਿਚ ਕੋਈ ਨਿਰਯੋਗਤਾਵਾਂ ਹਨ, ਤਾਂ ਤੁਹਾਨੂੰ ਹੈਲਪ ਸਕੀਮ (Help Scheme) ਤੋਂ ਮਦਦ ਮਿਲ ਸਕਦੀ ਹੈ ਜਿਹਨੂੰ ਬੀ ਬੀ ਸੀ ਚਲਾਉਂਦੀ ਹੈ।

**ਤੁਹਾਨੂੰ ਇਹ ਕੁਝ ਮਿਲ ਸਕਦਾ ਹੈ:**

- ਸੌਖੀ ਤਰ੍ਹਾਂ ਵਰਤਿਆ ਜਾ ਸਕਣ ਵਾਲਾ ਸਾਮਾਨ
- ਤੁਹਾਡੇ ਲਈ ਸਾਮਾਨ ਦੇਣ ਅਤੇ ਲਾਉਣ ਵਾਲਾ ਮਿਸਤਰੀ
- ਇਹਤੋਂ ਬਾਅਦ ਬਾਰਾਂ ਮਹੀਨਿਆਂ ਲਈ ਸਾਮਾਨ ਦੀ ਦੇਖਭਾਲ, ਜਿਸ ਵਿਚ ਦੁਬਾਰਾ ਟਿਊਨਿੰਗ ਕਰਨ ਵਿਚ ਮਦਦ ਦੇਣਾ ਵੀ ਸ਼ਾਮਿਲ ਹੈ

ਇਹ ਸਹੂਲਤ ਲੈਣ ਦਾ ਖ਼ਰਚ **£40** ਹੈ, ਪਰ ਜੇ ਤੁਹਾਨੂੰ ਕੁਝ ਬੈਨੀਫ਼ਿਟ ਮਿਲਦੇ ਹਨ ਤਾਂ ਇਹ ਮਦਦ ਮੁਫ਼ਤ ਹੈ। ਹੈਲਪ ਸਕੀਮ ਵਾਲੇ ਤੁਹਾਨੂੰ ਖ਼ਤ ਲਿਖਣਗੇ, ਪਰ ਤੁਸੀਂ ਖ਼ੁਦ ਵੀ ਨੰਬਰ **0800 40 85 900** ‘ਤੇ ਮੁਫ਼ਤ ਫ਼ੋਨ ਕਰਕੇ ਗੱਲਬਾਤ ਸਮਝਾਉਣ ਵਾਲੇ ਦੁਭਾਸ਼ੀਏ ਨਾਲ ਗੱਲ ਕਰਨ ਲਈ ਆਖ ਸਕਦੇ ਹੋ।



# 10 ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?



ਤੁਸੀਂ ਨੰਬਰ **08456 50 50 50*** ‘ਤੇ ਫ਼ੋਨ ਕਰਕੇ ਕਿਸੇ ਸਲਾਹਕਾਰ ਨਾਲ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ ਜਾਂ ਉਹਨਾ ਨੂੰ ਆਖ ਸਕਦੇ ਹੋ ਕਿ ਉਹ ਕਿਸੇ ਦੁਭਾਸ਼ੀਏ ਨਾਲ ਤੁਹਾਡੀ ਗੱਲ ਕਰਵਾਉਣ।

ਜਾਂ ਤੁਸੀਂ ਸਾਡੀ ਅੰਗਰੇਜ਼ੀ ਭਾਸ਼ਾ ਵਾਲੀ ਵੈੱਬਸਾਈਟ **digitaluk.co.uk** ਤੋਂ ਵੀ ਜਾਣਕਾਰੀ ਲੈ ਸਕਦੇ ਹੋ।

MIX
Paper from responsible sources
FSC® C020007
FSC www.fsc.org

get set for digital

*ਬੀ ਟੀ ਦੇ ਗਾਹਕਾਂ ਲਈ ਇਨਕਲੂਸਿਵ ਕੱਲਿੰਗ ਪਲਾਨਾਂ ਦੇ ਤਹਿਤ ਫ਼ੋਨ ਕੱਲ ਮੁਫ਼ਤ ਹੈ। ਹੋਰ ਕੰਪਨੀਆਂ ਦੇ ਫ਼ੋਨਾਂ ਤੋਂ ਫ਼ੋਨ ਕਰਨ ਦਾ ਖ਼ਰਚ ਵੱਖ ਵੱਖ ਹੋ ਸਕਦਾ ਹੈ। ਡਿਜੀਟਲ ਯੂ ਕੇ ਦੇ ਸੈਂਟਰ ਨਾਲ ਸੰਪਰਕ ਕਰਨ ਲਈ ਕੰਮ ਕਾਜ ਦਾ ਆਮ ਦਾ ਸਮਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ ਦੇ 7 ਵਜੇ ਤਕ ਹੈ, ਅਤੇ ਸਨਿੱਚਰਵਾਰ ਸਵੇਰੇ 9 ਵਜੇ ਤੋਂ ਸ਼ਾਮ ਦੇ 5 ਵਜੇ ਤਕ ਹੈ। ਐਤਵਾਰ ਨੂੰ ਇਹ ਸੈਂਟਰ ਬੰਦ ਰਹਿੰਦਾ ਹੈ। ਹਰ ਇਲਾਕੇ ਵਿਚ ਬਦਲਾਵ ਹੋਣ ਵੇਲੇ ਸੈਂਟਰ ਦੇ ਖੁੱਲ੍ਹਣ ਦਾ ਸਮਾਂ ਵਧਾ ਦਿੱਤਾ ਜਾਏਗਾ। Digital UK, PO Box 26833, Kirkcaldy, KY2 9AG

LonPunj0911